**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ ਪੰਜਾਬ**
**ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ,ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)(ਵੈਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ (ਐਚ.ਆਰ)/2010/ 45487-509
ਮਿਤੀ,ਚੰਡੀਗੜ੍ਹ: 8.07.10

ਵਿਸ਼ਾ: 9998 ਟੀਚਿੰਗ ਫੈਲੋ ਵਿਚੋਂ ਖਾਲੀ ਪਈ ਪੋਸਟਾਂ ਭਰਨ ਬਾਰੇ ।

1.0 ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 29.4.2010 ਅਤੇ ਇਸ ਤੋਂ ਇਲਾਵਾ ਸਮੇਂ ਸਮੇਂ ਸਿਰ ਹੋਈ ਗੱਲਬਾਤ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਸਰਕਾਰ ਦੁਆਰਾ ਸਾਲ 2007 ਵਿੱਚ 9998 ਪੋਸਟਾਂ ਐਲੀਮੈਂਟਰੀ ਸਾਈਡ ਤੋਂ ਭਰਨ ਲਈ ਅਖਬਾਰਾਂ ਵਿੱਚ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ । ਇਹਨਾਂ ਵਿੱਚ ਕਾਫੀ ਸਾਰੀਆਂ ਪੋਸਟਾਂ ਭਰ ਗਈਆਂ ਸਨ ਪਰੰਤੂ ਕੁਝ ਪੋਸਟਾਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੁਝ ਲੰਬਿਤ ਪਏ ਕੇਸਾਂ ਦੀ ਵਜ੍ਹਾ ਨਾਲ ਨਹੀਂ ਭਰੀਆਂ ਜਾ ਸਕੀਆਂ । ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਕੇਸ ਦਾ ਫੈਸਲਾ ਕਰ ਦਿੱਤਾ ਹੈ ਅਤੇ ਇਸ ਉਪਰੰਤ ਸਰਕਾਰ ਦੁਆਰਾ ਜਾਰੀ ਹਦਾਇਤਾਂ ਮੁਤਾਬਿਕ ਆਪ ਜੀ ਨੂੰ ਖਾਲੀ ਪੋਸਟਾਂ ਤੁਰੰਤ ਭਰਨ ਲਈ ਕਿਹਾ ਗਿਆ ਸੀ । ਇਹਨਾਂ ਖਾਲੀ ਪਈ ਪੋਸਟਾਂ ਦੀ ਜ਼ਿਲਾਵਾਰ ਸਥਿਤੀ ਹੇਠ ਲਿਖਤ ਅਨੁਸਾਰ ਹੈ:-

| ਲੜੀ ਨੰ: | ਜ਼ਿਲ੍ਹਾ ਦੇ ਨਾਂ | ਖਾਲੀ ਪੋਸਟਾਂ |
|---|---|---|
| 1 | ਅੰਮ੍ਰਿਤਸਰ | 224 |
| 2 | ਬਰਨਾਲਾ | 38 |
| 3 | ਬਠਿੰਡਾ | 56 |
| 4 | ਫਰੀਦਕੋਟ | 15 |
| 5 | ਫਤਿਹਗੜ੍ਹ ਸਾਹਿਬ | 13 |
| 6 | ਫਿਰੋਜਪੁਰ | 41 |
| 7 | ਗੁਰਦਾਸਪੁਰ | 66 |
| 8 | ਹੁਸਿਆਰਪੁਰ | 41 |
| 9 | ਜਲੰਧਰ | 132 |

| | | |
|---|---|---|
| 10 | ਕਪੂਰਥਲਾ | 71 |
| 11 | ਲੁਧਿਆਣਾ | 139 |
| 12 | ਮਾਨਸਾ | 26 |
| 13 | ਮੋਗਾ | 95 |
| 14 | ਮੁਹਾਲੀ | 73 |
| 15 | ਮੁਕਤਸਰ | 69 |
| 16 | ਨਵਾਂ ਸਹਿਰ | 22 |
| 17 | ਪਟਿਆਲਾ | 75 |
| 18 | ਰੋਪੜ | 16 |
| 19 | ਸੰਗਰੂਰ | 92 |
| 20 | ਤਰਨਤਾਰਨ | 128 |
| ਕੁੱਲ | | 1432 |

3.0 ਪਰੰਤੂ ਬੜੇ ਅਫੋਸਸ ਦੀ ਗੱਲ ਹੈ ਕਿ ਆਪ ਜੀ ਦੁਆਰਾ ਅਜੇ ਤੱਕ ਇਸ ਸਬੰਧ ਵਿੱਚ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ । ਜਦੋਂ ਕਿ ਨਵਾਂ ਵਿਦਿਅਕ ਸੈਸਨ ਚਾਲੂ ਹੋ ਚੁੱਕਾ ਹੈ ਅਤੇ ਭਾਰਤ ਸਰਕਾਰ ਦੁਆਰਾ ਰਾਈਟ ਟੂ ਐਜੂਕੇਸਨ ਐਕਟ ਲਾਗੂ ਹੋ ਚੁੱਕਾ ਹੈ । ਇਸ ਸਬੰਧੀ ਤਾਜ਼ਾ ਸਥਿਤੀ ਮੁੜਦੀ ਫੈਕਸ/ਟੈਲੀਫੋਨ ਰਾਹੀਂ ਨਿਮਨਹਸਤਾਖਰ ਦੇ ਦਫਤਰ ਵਿੱਚ ਸ੍ਰੀ ਅਸਵਨੀ ਕੁਮਾਰ ਏ.ਐਸ.ਪੀ.ਡੀ(ਐਚ.ਆਰ) ਨੂੰ ਭੇਜੀ ਜਾਵੇ ਅਤੇ ਇਸ ਦਾ ਉਤਾਰਾ ਡੀ.ਪੀ.ਆਈ(ਐ.ਸਿ) ਨੂੰ ਵੀ ਭੇਜਿਆ ਜਾਵੇ।

ਡੀ.ਜੀ.ਐਸ.ਈ

ਪਿੱਠ ਅੰਕਣ ਨੰ: ਉਕਤ ਮਿਤੀ,ਚੰਡੀਗੜ੍ਹ:

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡੀ.ਪੀ.ਆਈ (ਐ.ਸਿ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਪੋਸਟਾਂ ਸਰਕਾਰ ਦੇ ਨਿਯਮਾਂ ਮੁਤਾਬਿਕ ਛੇਤੀ ਤੋਂ ਛੇਤੀ ਭਰੀਆਂ ਜਾਣ । ਇਸ ਸਬੰਧ ਵਿੱਚ ਪਹਿਲਾਂ ਵੀ ਕਈ ਵਾਰੀ ਉਹਨਾਂ ਨਾਲ ਗੱਲਬਾਤ ਹੋ ਚੁੱਕੀ ਹੈ ।
2. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨੂੰ ਸੂਚਨਾ ਹਿੱਤ।
3. ਨਿੱਜੀ ਸਕੱਤਰ ਟੂ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਸੂਚਨਾ ਹਿੱਤ ।

ਡੀ.ਜੀ.ਐਸ.ਈ